*Waheguru Ji Ka Khalsa,*
*Waheguru Ji Ki Fateh*

*Today's Hukamnama* *Thursday 01-10-2026*

ਸੋਰਠਿ ਮਹਲਾ ੫ ॥

Sorat'h, Fifth Mehl:

ਸੋਰਠਿ ਪੰਜਵੀਂ ਪਾਤਿਸ਼ਾਹੀ।

ਗੁਰਿ ਪੂਰੈ ਚਰਨੀ ਲਾਇਆ ॥ ਹਰਿ ਸੰਗਿ ਸਹਾਈ ਪਾਇਆ ॥

The Perfect Guru has attached me to His feet. I have obtained the Lord as my companion, my support, my best friend.

ਪੂਰਨ ਗੁਰੂ ਜੀ ਨੇ ਮੈਨੂੰ ਆਪਣੇ ਪੈਰਾਂ ਨਾਲ ਜੋੜ ਲਿਆ ਹੈ। ਸੋ ਮੈਂ ਵਾਹਿਗੁਰੂ ਨੂੰ ਆਪਣੇ ਸੰਗੀ ਤੇ ਸਹਾਇਕ ਵੱਜੋਂ ਪਾ ਲਿਆ ਹੈ।

ਜਹ ਜਾਈਐ ਤਹਾ ਸੁਹੇਲੇ ॥ ਕਰਿ ਕਿਰਪਾ ਪ੍ਰਭਿ ਮੇਲੇ ॥੧॥

Wherever I go, I am happy there. By His Kind Mercy, God united me with Himself. ||1||

ਜਿਥੇ ਕਿਤੇ ਭੀ ਮੈਂ ਜਾਂਦਾ ਹਾਂ, ਉਥੇ ਹੀ ਮੈਂ ਖੁਸ਼ ਹਾਂ। ਆਪਣੀ ਮਿਹਰ ਧਾਰ ਕੇ ਸਾਈਂ ਨੇ ਮੈਨੂੰ ਆਪਣੇ ਨਾਲ ਮਿਲਾ ਲਿਆ ਹੈ।

ਹਰਿ ਗੁਣ ਗਾਵਹੁ ਸਦਾ ਸੁਭਾਈ ॥

So sing forever the Glorious Praises of the Lord with loving devotion.

ਸ੍ਰੇਸ਼ਟ ਭਾਵਨਾ ਨਾਲ ਤੂੰ ਸਦੀਵ ਹੀ ਸਾਈਂ ਦੀ ਮਾਹਿਮਾ ਗਾਇਨ ਕਰ।

ਮਨ ਚਿੰਦੇ ਸਗਲੇ ਫਲ ਪਾਵਹੁ ਜੀਅ ਕੈ ਸੰਗਿ ਸਹਾਈ ॥੧॥ ਰਹਾਉ ॥

You shall obtain all the fruits of your mind's desires, and the Lord shall become the companion and the support of your soul. ||1||Pause||

ਤੂੰ ਆਪਣੀਆਂ ਚਿੱਤ-ਚਾਹੁੰਦੀਆਂ ਸਮੂਹ ਮੁਰਾਦਾਂ ਪਾ ਲਵੇਂਗਾ ਅਤੇ ਪ੍ਰਭੂ ਤੇਰੀ ਆਤਮਾ ਦਾ ਸਾਥੀ ਤੇ ਸਹਾਇਕ ਥੀ ਵੰਞੇਗਾ। ਠਹਿਰਾਉ।

ਨਾਰਾਇਣ ਪ੍ਰਾਣ ਅਧਾਰਾ ॥ ਹਮ ਸੰਤ ਜਨਾਂ ਰੇਨਾਰਾ ॥

The Lord is the support of the breath of life. I am the dust of the feet of the Holy people.

ਵਿਆਪਕ ਵਾਹਿਗੁਰੂ ਮੇਰੀ ਜਿੰਦ ਜਾਨ ਦਾ ਆਸਰਾ ਹੈ।ਮੈਂ ਪਵਿੱਤਰ ਪੁਰਸ਼ਾਂ ਦੇ ਪੈਰਾਂ ਦੀ ਧੂੜ ਹਾਂ।

ਪਤਿਤ ਪੁਨੀਤ ਕਰਿ ਲੀਨੇ ॥

I am a sinner, but the Lord made me pure.

ਮੈਂ ਪਾਪੀ ਨੂੰ, ਪ੍ਰਭੂ ਨੇ ਪਵਿੱਤ੍ਰ ਬਣਾ ਲਿਆ ਹੈ।

ਕਰਿ ਕਿਰਪਾ ਹਰਿ ਜਸੁ ਦੀਨੇ ॥੨॥

By His Kind Mercy, the Lord blessed me with His Praises. ||2||

ਮਿਹਰ ਧਾਰ ਕੇ ਸੁਆਮੀ ਨੇ ਮੈਨੂੰ ਆਪਣੀ ਸਿਫ਼ਤ-ਸਨਾ ਦੀ ਦਾਤ ਬਖਸ਼ੀ ਹੈ।

ਪਾਰਬ੍ਰਹਮੁ ਕਰੇ ਪ੍ਰਤਿਪਾਲਾ ॥

The Supreme Lord God cherishes and nurtures me.

ਸ਼੍ਰੋਮਣੀ ਸਾਹਿਬ ਸਦਾ ਹੀ ਮੇਰੀ ਪਾਲਣਾ-ਪੋਸਣਾ ਕਰਦਾ ਹੈ।

ਸਦ ਜੀਅ ਸੰਗਿ ਰਖਵਾਲਾ ॥

He is always with me, the Protector of my soul.

ਉਹ ਹਮੇਸ਼ਾਂ ਹੀ, ਮੇਰੀ ਆਤਮਾ ਦੇ ਰਾਖੇ ਵੱਜੋਂ ਮੇਰੇ ਨਾਲ ਰਹਿੰਦਾ ਹੈ।

ਹਰਿ ਦਿਨੁ ਰੈਨਿ ਕੀਰਤਨੁ ਗਾਈਐ ॥

Singing the Kirtan of the Lord's Praises day and night,

ਦਿਹੁੰ ਤੇ ਰਾਤ ਵਾਹਿਗੁਰੂ ਦੀ ਸਿਫ਼ਤ ਗਾਇਨ ਕਰਨ ਦੁਆਰਾ,

ਬਹੁੜਿ ਨ ਜੋਨੀ ਪਾਈਐ ॥੩॥

I shall not be consigned to reincarnation again. ||3||

ਪ੍ਰਾਣੀ ਮੁੜ ਕੇ ਗਰਭ ਵਿੱਚ ਨਹੀਂ ਪਾਇਆ ਜਾਂਦਾ।

ਜਿਸੁ ਦੇਵੈ ਪੁਰਖੁ ਬਿਧਾਤਾ ॥

One who is blessed by the Primal Lord, the Architect of Destiny,

ਜਿਸ ਨੂੰ ਸਿਰਜਣਹਾਰ ਸੁਆਮੀ ਦਿੰਦਾ ਹੈ,

ਹਰਿ ਰਸੁ ਤਿਨ ਹੀ ਜਾਤਾ ॥

realizes the subtle essence of the Lord.

ਕੇਵਲ ਓਹੀ ਪ੍ਰਭੂ ਦੇ ਅੰਮ੍ਰਿਤ ਰਸ ਨੂੰ ਅਨੁਭਵ ਕਰਦਾ ਹੈ।

ਜਮਕੰਕਰੁ ਨੇੜਿ ਨ ਆਇਆ ॥

The Messenger of Death does not come near him.

ਮੌਤ ਦਾ ਦੂਤ ਉਸ ਦੇ ਨਜ਼ਦੀਕ ਨਹੀਂ ਆਉਂਦਾ।

ਸੁਖੁ ਨਾਨਕ ਸਰਣੀ ਪਾਇਆ ॥੪॥੯॥੫੯॥

In the Lord's Sanctuary, Nanak has found peace. ||4||9||59||

ਸਾਹਿਬ ਦੀ ਸ਼ਰਣਾਗਤ ਅੰਦਰ ਨਾਨਕ ਨੂੰ ਅਨੰਦ ਪ੍ਰਾਪਤ ਹੋਇਆ ਹੈ।